The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom
$ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

15 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

## ਜਸ਼ਿੰਦਾ ਆਡਰਨ ਅਤੇ ਸਾਈਮਨ ਬ੍ਰਿਜਸ ਨੇ ਯੂਕੇ ਦੇ ਪ੍ਰਧਾਨ ਮੰਤਰੀ ਨੂੰ ਚੋਣ ਜਿੱਤ ਦੀ ਵਧਾਈ ਦਿੱਤੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪ੍ਰਧਾਨ ਮੰਤਰੀ ਜੈਸ਼ਿੰਡਾ ਆਡਰਨ ਨੇ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੂੰ ਉਨ੍ਹਾਂ ਦੀ ਚੋਣ ਜਿੱਤ 'ਤੇ ਵਧਾਈ ਦਿੱਤੀ ਹੈ। ਇੱਕ ਬਿਆਨ ਵਿੱਚ, ਆਡਰਨ ਨੇ ਕਿਹਾ ਕਿ ਨਿਊਜ਼ੀਲੈਂਡ ਅਤੇ ਯੂਕੇ ਨਜ਼ਦੀਕੀ ਦੋਸਤ ਸਨ।"ਸਾਡੀ ਦੂਰੀ ਦੇ ਬਾਵਜੂਦ, ਅਸੀਂ ਆਪਣੇ ਇਤਿਹਾਸ ਅਤੇ ਲੋਕਾਂ ਦੁਆਰਾ ਜ਼ੋਰਦਾਰ ਆਪਸੀ ਤਾਲਮੇਲ ਕਾਰਕੇ ਗਹਿਰੇ ਢੰਗ ਨਾਲ ਨਾਲ ਜੁੜੇ ਹੋਏ ਹਾਂ."।

## ਵਿਆਹ ਤੋਂ ਬਾਅਦ ਸਪਾਊਸ ਨੂੰ ਆਸਾਨੀ ਨਾਲ ਸੱਦਿਆ ਜਾ ਸਕੇਗਾ ਨਿਊਜ਼ੀਲੈਂਡ

ਵੈਲਿੰਗਟਨ- ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਬੀਤੇ ਮਹੀਨੇ ਮਹੀਨੇ ਵੀਜ਼ਾ ਨਿਯਮਾਂ ਵਿਚ ਕੀਤੀ ਸੋਧ ਤੋਂ ਬਾਅਦ ਹੁਣ ਦੇਸ਼ ਤੋਂ ਬਾਹਰ ਵਿਆਹੇ ਜੋੜਿਆਂ ਦਾ ਨਿਊਜ਼ੀਲੈਂਡ ਵਿਚ ਰਹਿਣਾ ਸੌਖਾਲਾ ਹੋ ਗਿਆ ਹੈ। ਇਸ ਤੋਂ ਪਹਿਲਾਂ ਭਾਰਤ ਜਾਂ ਹੋਰ ਦੇਸ਼ਾਂ ਵਿਚ ਵਿਆਹ ਕਰਨ ਵਾਲੇ ਨਿਊਜ਼ੀਲੈਂਡ ਵਾਸੀ ਨੂੰ ਆਪਣੇ ਜੀਵਨ ਸਾਥੀ ਨੂੰ ਨਿਊਜ਼ੀਲੈਂਡ ਸੱਦਣਾ ਬਹੁਤ ਮੁਸ਼ਕਲ ਸੀ। ਬੀਤੇ ਮਹੀਨੇ ਹੋਈ ਸੋਧ ਤੋਂ ਬਾਅਦ ਹੁਣ ਨਿਊਜ਼ੀਲੈਂਡ ਵਾਸੀਆਂ ਦੇ ਜੀਵਨ ਸਾਥੀ ਨੂੰ ਵੀ ਨਿਊਜ਼ੀਲੈਂਡ ਦਾ ਵਿਜ਼ਟਰ ਵੀਜ਼ਾ ਮਿਲ ਸਕੇਗਾ।

ਟਾਈਮਸ ਆਫ ਇੰਡੀਆ ਅਖਬਾਰ ਵਿਚ ਛਪੀ ਖਬਰ ਮੁਤਾਬਕ ਨਿਊਜ਼ੀਲੈਂਡ ਦੇ ਰਹਿਣ ਵਾਲੇ ਆਈਟੀ ਇੰਜੀਨੀਅਰ ਰਮਨ ਸਿੰਘ ਨੇ ਇਸੇ ਸਾਲ ਜਨਵਰੀ ਮਹੀਨੇ ਭਾਰਤ ਵਿਚ ਵਿਆਹ ਕਰਵਾਇਆ ਸੀ ਤੇ ਉਹ ਆਪਣੀ ਪਤਨੀ ਨੂੰ ਵੀ ਆਪਣੇ ਕੋਲ ਸੱਦਣ ਦਾ ਚਾਹਵਾਨ ਸੀ। ਇਸ ਲਈ ਉਸ ਨੇ ਆਪਣੀ ਪਤਨੀ ਨੂੰ ਨਿਊਜ਼ੀਲੈਂਡ ਸੱਦਣ ਲਈ ਅਪਲਾਈ ਕੀਤਾ ਪਰ ਉਸ ਦੀ ਅਰਜ਼ੀ ਇਸ ਲਈ ਖਾਰਿਜ ਕਰ ਦਿੱਤੀ ਗਈ ਕਿਉਂਕਿ ਉਹਨਾਂ ਦਾ ਵਿਆਹ ਨਿਊਜ਼ੀਲੈਂਡ ਤੋਂ ਬਾਹਰ ਹੋਇਆ ਸੀ। ਰਮਨ ਸਿੰਘ (27) ਛੋਟੀ ਉਮਰੇ ਹੀ ਆਪਣੇ ਪਰਿਵਾਰ ਨਾਲ ਨਿਊਜ਼ੀਲੈਂਡ ਆ ਕੇ ਵੱਸ ਗਏ ਸਨ ਤੇ ਉਹਨਾਂ ਨੂੰ ਨਿਊਜ਼ੀਲੈਂਡ ਦੀ ਸਿਟੀਜ਼ਨਸ਼ਿਪ ਮਿਲੀ ਹੋਈ ਹੈ। ਇਸ ਦੌਰਾਨ ਉਸ ਨੇ ਕਿਹਾ ਕਿ ਉਸ ਨੂੰ ਆਪਣੀ ਭਾਰਤੀ ਵਿਰਾਸਤ ਨਾਲ ਪਿਆਰ ਹੈ ਤੇ ਉਸ ਨੇ ਆਪਣੇ ਮਾਪਿਆਂ ਦੇ ਕਹਿਣ 'ਤੇ ਭਾਰਤ ਵਿਚ ਆਪਣੇ ਧਾਰਮਿਕ ਰੀਤੀ-ਰਿਵਾਜ਼ਾਂ ਨਾਲ ਵਿਆਹ ਕਰਵਾਇਆ ਸੀ। ਇਸ ਦੌਰਾਨ ਇਕ ਅੰਕੜੇ ਵਿਚ ਇਹ ਵੀ ਦੱਸਿਆ ਗਿਆ ਕਿ ਇਸੇ ਸਾਲ ਮਈ ਮਹੀਨੇ ਤੋਂ ਸਪਾਊਸ ਅਧਾਰਿਤ 1200 ਵਿਜ਼ਟਰ ਵੀਜ਼ਾ ਅਰਜ਼ੀਆਂ ਖਾਰਿਜ ਕੀਤੀਆਂ ਗਈਆਂ ਹਨ। ਸੰਯੁਕਤ ਰਾਸ਼ਟਰ ਸਟੈਟਿਸਟਿਕਸ ਦੇ ਮੁਤਾਬਕ 71 ਹਜ਼ਾਰ ਤੋਂ ਵਧੇਰੇ ਭਾਰਤੀ ਨਿਊਜ਼ੀਲੈਂਡ



ਵਿਚ ਰਹਿੰਦੇ ਹਨ, ਜਿਸ ਨੂੰ ਦੇਖਦਿਆਂ ਇਮੀਗ੍ਰੇਸ਼ਨ ਵਿਭਾਗ ਵਲੋਂ ਇਹ ਸੋਧ ਕੀਤੀ ਗਈ ਹੈ। ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇ ਸੀਨੀਅਰ ਸਲਾਹਕਾਰ ਫੀਲਿਕਸ ਮਾਰਵਿਕ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਅਜਿਹੇ ਲੋਕਾਂ ਨੂੰ ਵਿਅਕਤੀਗਤ ਤੌਰ 'ਤੇ ਨਿਊਜ਼ੀਲੈਂਜ ਦਾ ਵਿਜ਼ਟਰ ਵੀਜ਼ਾ ਦਿੱਤਾ ਜਾਂਦਾ ਸੀ ਜੋ ਨਿਊਜ਼ੀਲੈਂਡ ਆ ਕੇ ਇਥੋਂ ਦੇ ਵਸਨੀਕ ਜਾਂ ਰੈਜ਼ੀਡੈਂਸ ਕਲਾਸ ਵੀਜ਼ਾ ਹੋਲਡਰ ਨਾਲ ਵਿਆਹ ਕਰਵਾਉਣਾ ਚਾਹੁੰਦੇ ਸਨ। ਪਰ ਅਜਿਹੇ ਕਿਸੇ ਦਾ ਵੀ ਵੀਜ਼ਾ ਮਨਜ਼ੂਰ ਨਹੀਂ ਕੀਤਾ ਜਾ ਰਿਹਾ ਸੀ ਜੋ ਦੇਸ਼ ਤੋਂ ਬਾਹਰ ਵਿਆਹ ਕਰਵਾ ਕੇ ਨਿਊਜ਼ੀਲੈਂਡ ਆਉਣਾ ਚਾਹੁੰਦਾ ਸੀ। ਉਹਨਾਂ ਅੱਗੇ ਕਿਹਾ ਕਿ ਨਿਊਜ਼ੀਲੈਂਡ ਸਰਕਾਰ ਨੇ ਆਪਣੇ ਵੀਜ਼ਾ ਨਿਯਮਾਂ ਵਿਚ ਨਵੰਬਰ ਮਹੀਨੇ ਸੋਧ ਕੀਤੀ ਹੈ, ਜਿਸ ਦੌਰਾਨ ਅਰੇਂਜਡ ਮੈਰਿਜ ਤੋਂ ਬਾਅਦ ਨਿਊਜ਼ੀਲੈਂਡ ਦਾ ਵੀਜ਼ਾ ਹਾਸਲ ਕਰਨ ਦੀ ਨੀਤੀ ਵਿਚ ਬਦਲਾਅ ਕੀਤਾ ਗਿਆ। ਇਸ ਨਾਲ ਨਿਊਜ਼ੀਲੈਂਡ ਵਾਸੀ ਦੇ ਜੀਵਨ ਸਾਥੀ ਤੇ ਉਸ ਦੇ ਪਰਿਵਾਰ ਨੂੰ ਦੇਸ਼ ਦਾ ਵਿਜ਼ਟਰ ਵੀਜ਼ਾ ਸੌਖਾਲਾ ਮਿਲ ਸਕੇਗਾ। ਮੈਕਲੀਮੌਂਟ ਐਂਡ ਐਸੋਸੀਏਟਸ ਦੇ ਫਾਊਂਡਰ ਅਲਾਸਟੇਰ ਮੈਕਲਮੌਂਟ ਨੇ ਕਿਹਾ ਕਿ ਇਸ ਦੌਰਾਨ ਦੇਸ਼ ਤੋਂ ਬਾਹਰ ਆਪਣੇ ਦੇਸ਼ ਵਿਚ ਵਿਆਹ ਕਰਵਾਉਣ ਵਾਲੇ ਦੇਸ਼ ਵਾਸੀ ਦੇ ਸਾਥੀ ਨੂੰ ਤਿੰਨ ਮਹੀਨੇ ਦਾ ਵਿਜ਼ਟਰ ਵੀਜ਼ਾ ਦੇਣ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੌਰਾਨ ਜੋੜਿਆਂ ਨੂੰ ਇਹ ਵੀ ਸਾਬਿਤ ਕਰਨ ਦੀ ਲੋੜ ਨਹੀਂ ਹੋਵੇਗੀ ਕਿ ਉਹ ਇਕੱਠੇ ਰਹਿ ਰਹੇ ਹਨ। ਉਹਨਾਂ ਨੂੰ ਸਿਰਫ ਆਪਣੇ ਵਿਆਹ ਸਬੰਧੀ ਦਸਤਾਵੇਜ਼ ਪੇਸ਼ ਕਰਨੇ ਪੈਣਗੇ। ਮਾਰਵਿਕ ਨੇ ਕਿਹਾ ਕਿ ਨਿਯਮਾਂ ਵਿਚ ਸੋਧ ਨਾਲ ਜੋੜਿਆਂ ਨੂੰ ਇਕੱਠੇ ਰਹਿਣ ਦਾ ਮੌਕਾ ਮਿਲੇਗਾ ਤੇ ਉਹ ਇਸ ਦੌਰਾਨ ਪਾਰਟਨਰਸ਼ਿਪ ਵੀਜ਼ਾ ਸ਼ਰਤਾਂ ਨੂੰ ਪੂਰਾ ਕਰ ਸਕਣਗੇ। ਇਸ ਸੋਧ ਤੋਂ ਬਾਅਦ ਨਿਊਜ਼ੀਲੈਂਡ ਦੀ ਇਮੀਗ੍ਰਸ਼ਨ ਅਥਾਰਟੀ ਵਲੋਂ ਸਿੰਘ ਨੂੰ ਮੁੜ ਆਪਣੀ ਪਤਨੀ ਲਈ ਵੀਜ਼ਾ ਅਪਲਾਈ ਕਰਨ ਦੀ ਸਲਾਹ ਦਿੱਤੀ ਗਈ ਹੈ।

## ਨਿਊਜ਼ੀਲੈਂਡ ਫੌਜ ਨੇ ਜਵਾਲਾਮੁਖੀ ਸਥਲ ਤੋਂ 6 ਲਾਸ਼ਾਂ ਕੱਢੀਆਂ ਬਾਹਰ



ਨਿਊਜ਼ੀਲੈਂਡ ਦੀ ਫੌਜ ਨੇ ਵ੍ਹਾਈਟ ਟਾਪੂ 'ਤੇ ਸੰਵੇਦਨਸ਼ੀਲ ਜਵਾਲਾਮੁਖੀ ਨੇੜਿਓਂ ਸ਼ੁੱਕਰਵਾਰ ਨੂੰ 6 ਲਾਸ਼ਾਂ ਬਾਹਰ ਕੱਢੀਆਂ। ਇਹ ਮੁਹਿੰਮ ਅਜਿਹ ਸਮੇਂ ਵਿਚ ਚਲਾਈ ਗਈ ਜਦੋਂ ਉੱਥੇ ਕਿਸੇ ਵੀ ਸਮੇਂ ਦੁਬਾਰਾ ਜਵਾਲਾਮੁਖੀ ਧਮਾਕਾ ਹੋ ਸਕਦਾ ਹੈ। ਇਸ ਮੁਹਿੰਮ ਵਿਚ ਫੌਜ ਦੇ ਦੋ ਹੈਲੀਕਾਪਟਰਾਂ ਦੀ ਮਦਦ ਲਈ ਗਈ ਜੋ ਵਾਕਾਟੇਨ ਹਵਾਈਅੱਡੇ ਤੋਂ ਰਵਾਨਾ ਹੋ ਕੇ ਘਟਨਾਸਥਲ 'ਤੇ ਉਤਰੇ ਜਿੱਥੇ ਬੀਤੇ ਸੋਮਵਾਰ ਨੂੰ ਜਵਾਲਾਮੁਖੀ ਫੱਟਣ ਨਾਲ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਸਨ।

ਇਕ ਦਲ ਨੂੰ ਇਸ ਟਾਪੂ ਦੇ ਸਭ ਤੋਂ ਸੰਵੇਦਨਸ਼ੀਲ ਖੇਤਰ ਵਿਚ 8 ਲੋਕਾਂ ਦੀਆਂ ਲਾਸ਼ਾਂ ਲਿਆਉਣ ਲਈ ਭੇਜਿਆ ਗਿਆ ਜੋ ਜਵਾਲਾਮੁਖੀ ਦੇ ਨੇੜੇ ਪਈਆਂ ਸਨ। 5 ਘੰਟੇ ਤੋਂ ਵੀ ਜ਼ਿਆਦਾ ਸਮੇਂ ਦੇ ਬਾਅਦ ਪੁਲਸ ਨੇ ਦੱਸਿਆ ਕਿ ਉਹ 6 ਲਾਸ਼ਾਂ ਨੂੰ ਸਫਲਤਾਪੂਰਵਕ ਲਿਆ ਪਾਏ ਹਨ। ਇਸ ਘਟਨਾ ਵਿਚ ਮਾਰੇ ਗਏ ਕਈ ਸੈਲਾਨੀ ਆਸਟ੍ਰੇਲੀਆ ਦੇ ਸਨ।

ਜਵਾਲਾਮੁਖੀ ਵਿਚ 24 ਘੰਟੇ ਦੇ ਅੰਦਰ ਧਮਾਕਾ ਹੋਣ ਦੀ ਸੰਭਾਵਨਾ 60 ਫੀਸਦੀ ਸੀ ਪਰ ਫਿਰ ਵੀ ਮੁਹਿੰਮ ਚਲਾਈ ਗਈ। ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਕਿਹਾ ਕਿ ਇਹ ਮੁਹਿੰਮ ਇਸ ਲਈ ਚਲਾਈ ਗਈ ਤਾਂ ਜੋ ਸੋਗ ਵਿਚ ਡੁੱਬੇ ਪਰਿਵਾਰਾਂ ਦੇ ਅਜ਼ੀਜ਼ਾਂ ਦੀਆਂ ਲਾਸ਼ਾਂ ਲਿਆਈਆਂ ਜਾ ਸਕਣ।

## ਵ੍ਹਾਈਟ ਆਈਲੈਂਡ 'ਤੇ ਲਾਪਤਾ ਹੋਈ ਮੈਲਬਰਨ ਦੀ 21ਵਾਂ ਜਨਮਦਿਨ ਮਨਾ ਰਹੀ ਲੜਕੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਘਾਤਕ ਜਵਾਲਾਮੁਖੀ ਫਟਣ ਤੋਂ ਬਾਅਦ Whakaari/ ਵ੍ਹਾਈਟ ਆਈਲੈਂਡ 'ਤੇ ਲਾਪਤਾ ਇਕ ਮੈਲਬੌਰਨ ਔਰਤ ਆਪਣੇ 21 ਵੇਂ ਜਨਮਦਿਨ' ਨੂੰ ਮਨਾਉਣ ਲਈ ਪਹੁੰਚੀ ਸੀ। ਨਿਊਜ਼ੀਲੈਂਡ ਦੀ ਪੁਲਿਸ ਨੇ ਕ੍ਰਿਸਟਲ ਬ੍ਰਾਵਿਟ ਨੂੰ ਟੂਰ ਤੋਂ ਬਾਅਦ ਟਾਪੂ ਤੋਂ ਲਾਪਤਾ ਹੋਣ ਦੀ ਸੂਚਨਾ ਦਿੱਤੀ ਸੀ। ਉਹ Ovation ਇੱਕ ਕਰੂਜ਼ 'ਤੇ ਸਨ। ਮੈਲਬੌਰਨ ਦੇ ਅਖਬਾਰ ਨੇ ਅੱਜ ਦੱਸਿਆ ਕਿ ਸ਼੍ਰੀਮਤੀ ਬ੍ਰਾਵਿਟ ਜਨਮ ਦਿਨ ਮਨਾਉਣ ਲਈ ਆਪਣੇ ਪਰਿਵਾਰ ਨਾਲ ਸੀ। ਅਖਬਾਰ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਉਸਦਾ ਪਿਤਾ ਪੌਲ ਆਕਲੈਂਡ ਦੇ ਹਸਪਤਾਲ 'ਚ ਕੋਮਾ ਵਿੱਚ ਹੈ ਅਤੇ ਉਸਦੀ ਭੈਣ ਸਟੀਫਨੀ ਕ੍ਰਾਈਸਟਚਰਚ ਦੇ ਇੱਕ ਹਸਪਤਾਲ ਵਿੱਚ ਹੈ, ਜਦੋਂ ਕਿ ਉਸਦੀ ਮਾਂ ਮੈਰੀ ਕਰੂਜ਼ਿਲਰ 'ਤੇ ਸੀ

## ਨਿਊਜ਼ੀਲੈਂਡ : ਜਵਾਲਾਮੁਖੀ 'ਚੋਂ ਅਜੇ ਵੀ ਨਿਕਲ ਰਿਹੈ ਧੂੰਆਂ, ਲਾਸ਼ਾਂ ਨੂੰ ਬਾਹਰ ਕੱਢਣਾ ਹੋਇਆ ਔਖਾ

ਵਲਿੰਗਟਨ— ਨਿਊਜ਼ੀਲੈਂਡ 'ਚ ਜਵਾਲਾਮੁਖੀ ਫਟਣ ਕਾਰਨ 8 ਲੋਕਾਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹਨ। ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਉਹ ਸੈਲਾਨੀਆਂ ਦੇ ਪਸੰਦੀਦਾ ਟਾਪੂ 'ਤੇ ਇਸ ਹਫਤੇ ਹੋਏ ਜਵਾਲਾਮੁਖੀ ਧਮਾਕੇ 'ਚ ਮਾਰੇ ਗਏ 8 ਲੋਕਾਂ ਦੀਆਂ ਲਾਸ਼ਾਂ ਕੱਢਣ ਦਾ ਕੰਮ ਸ਼ੁੱਕਰਵਾਰ ਨੂੰ ਸ਼ੁਰੂ ਕਰਨਗੇ। ਜਵਾਲਾਮੁਖੀ ਦੇ ਕਿਰਿਆਸ਼ੀਲ ਰਹਿਣ ਕਾਰਨ ਧੂੰਏਂ ਦੇ ਗੁਬਾਰ ਨਾਲ ਢੱਕੇ ਵ੍ਹਾਈਟ ਆਈਲੈਂਡ 'ਚੋਂ 8 ਲਾਸ਼ਾਂ ਕੱਢਣ 'ਚ ਦੇਰੀ ਹੋ ਰਹੀ ਹੈ। ਇੱਥੇ ਸੋਮਵਾਰ ਨੂੰ ਉਸ ਸਮੇਂ ਜਵਾਲਾਮੁਖੀ ਫਟ ਗਿਆ ਜਦ 47 ਸੈਲਾਨੀ ਇੱਥੇ ਘੁੰਮ ਰਹੇ ਸਨ। ਅਧਿਕਾਰੀਆਂ ਨੇ ਅੱਠ ਲੋਕਾਂ ਦੇ ਮਰਨ ਅਤੇ ਕਈ ਹੋਰਾਂ ਦੇ ਗੰਭੀਰ ਰੂਪ ਨਾਲ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ ਹੈ। ਨਿਊਜ਼ੀਲੈਂਡ ਦੇ ਮੈਡੀਕਲ ਕਰਮਚਾਰੀ ਜ਼ਖਮੀਆਂ ਦਾ ਇਲਾਜ ਕਰ ਰਹੇ ਹਨ। ਵ੍ਹਾਈਟ ਆਈਲੈਂਡ



ਨਿਊਜ਼ੀਲੈਂਡ ਦੇ ਨਾਰਥ ਟਾਪੂ ਤਟ ਤੋਂ ਤਕਰੀਬਨ 50 ਕਿਲੋਮੀਟਰ ਦੂਰ ਸਥਿਤ ਹੈ ਅਤੇ ਇੱਥੇ ਹਰ ਸਾਲ ਹਜ਼ਾਰਾਂ ਸੈਲਾਨੀ ਆਉਂਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਸਮੇਂ ਆਸਟ੍ਰੇਲੀਆ ਦੇ 24, ਅਮਰੀਕਾ ਦੇ 9, ਨਿਊਜ਼ੀਲੈਂਡ ਦੇ 5, ਜਰਮਨੀ ਦੇ 4, ਬ੍ਰਿਟੇਨ ਦੇ 2, ਚੀਨ ਦੇ 2 ਅਤੇ ਮਲੇਸ਼ੀਆ ਦਾ ਇਕ ਸੈਲਾਨੀ ਟਾਪੂ 'ਤੇ ਮੌਜੂਦ ਸੀ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਦੱਸਿਆ ਕਿ ਵੀਰਵਾਰ ਨੂੰ ਆਸਟ੍ਰੇਲੀਆ ਦੇ ਕੁੱਝ ਜ਼ਖਮੀਆਂ ਨੂੰ ਬਚਾਇਆ ਗਿਆ ਅਤੇ ਅਜਿਹੀ ਕੋਸ਼ਿਸ਼ ਜਾਰੀ ਰਹੇਗੀ।

